4-2-96

# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

**ਚੰਡੀਗੜ੍ਹ ਵੱਡਿਆਂ ਦੇ ਸਭਿਆਚਾਰ ਦਾ ਗੜ੍ਹ:** ਇਹ ਗੱਲ 1986-87 ਦੀ ਹੈ ਜਦੋਂ ਚੰਡੀਗੜ੍ਹ ਦੇ ਇਕ ਸਭਿਆਚਾਰਕ ਮੇਲੇ ’ਤੇ ਇਕ ਵਿਅੰਗਾਤਮਕ ਨਾਟਕ ‘ਚੰਡੀਗੜ੍ਹ ਪੁਆੜੇ ਦੀ ਜੜ੍ਹ’ ਖੇਡਿਆ ਗਿਆ। ਇਸ ਵਿਅੰਗ ਵਿਚ ਕੇਂਦਰੀ ਮੁੱਦਾ ਸੀ ਕਿ ਜਿਸ ਚੰਡੀਗੜ੍ਹ ਲਈ ਪੰਜਾਬ ਅਤੇ ਹਰਿਆਣਾ ਦੇ ਲੋਕ ਆਪਸ ਵਿਚ ਦੁਸ਼ਮਣੀਆਂ ਮੁੱਲ ਲੈ ਰਹੇ ਹਨ ਉਹ ਚੰਡੀਗੜ੍ਹ ਸਭਿਆਚਾਰਕ ਤੌਰ ’ਤੇ ਨਾ ਹੀ ਪੰਜਾਬ ਦਾ ਰਿਹਾ ਹੈ ਅਤੇ ਨਾ ਹੀ ਹਰਿਆਣਾ ਦਾ। ਇਹ ਹੁਣ ਮੰਨ ਲੈਣਾ ਚਾਹੀਦਾ ਹੈ ਕਿ ਇਹ ਇਕ ਐਸਾ ਸ਼ਹਿਰ ਹੈ ਜੀਹਦੇ ਸਭਿਆਚਾਰ ਉਤੇ ਵੱਡੇ ਲੋਕਾਂ ਦਾ ਕਬਜ਼ਾ ਹੈ ਅਤੇ ਵੱਡੇ ਲੋਕਾਂ ਦਾ ਇਹ ਸਭਿਆਚਾਰ ਅੰਗਰੇਜ਼ੀ ਸਾਹਿਤ ਅਤੇ ਸਭਿਆਚਾਰ ਦਾ ਅਸਰ ਕਬੂਲਦਾ ਹੈ। ਇਹ ਹੈ ਵੀ ਕੁਦਰਤੀ, ਕਿਉਂਕਿ ਇਸ ਸ਼ਹਿਰ ਦੀ ਪੜ੍ਹਾਈ ਉਤੇ ਅੰਗਰੇਜ਼ੀ ਦਾ ਹੀ ਬੋਲਬਾਲਾ ਹੈ। ਇਸ ਨਾਟਕ ਵਿਚ ਇਹ ਵੀ ਵਿਅੰਗ ਸੀ ਕਿ ਇਸ ਸ਼ਹਿਰ ਨੂੰ ਸਹੂਲਤਾਂ ਦੇਣ ਖਾਤਰ ਪੰਜਾਬ ਅਤੇ ਹਰਿਆਣਾ ਦੇ ਸ਼ਹਿਰ ਯਤੀਮ ਕਰ ਦਿੱਤੇ ਗਏ ਹਨ। ਇਹ ਵੀ ਇਕ ਮੰਨੀ ਹੋਈ ਸਚਾਈ ਹੈ ਕਿ ਜਿਹੜੀ ਵੀ ਥਾਂ ਸਰਕਾਰ ਦਾ ਕੇਂਦਰ ਹੋਵੇਗੀ ਅਤੇ ਜਿੱਥੇ ਸਰਕਾਰ ਨਾਲ ਸਬੰਧਤ ਵੱਡੇ ਲੋਕ ਰਹਿਣਗੇ ਉਹ ਵਿਸ਼ੇਸ਼ ਧਿਆਨ ਵਾਲੀ ਥਾਂ ਬਣ ਜਾਏਗੀ ਤੇ ਉਥੇ ਹੀ ਸਾਰੀਆਂ ਸਹੂਲਤਾਂ ਮੁਹੱਈਆ ਕੀਤੀਆਂ ਜਾਣਗੀਆਂ।

ਵੱਡੇ ਲੋਕਾਂ ਦੇ ਇਸ ਚੰਡੀਗੜ੍ਹ ਦੇ ਸਭਿਆਚਾਰ ਦਾ ਇਕ ਪ੍ਰਮਾਣ 23 ਜਨਵਰੀ ਨੂੰ ਟੈਗੋਰ ਥੀਏਟਰ ਵਿਚ ਮਹੇਸ਼ ਦਾਤਾਨੀ ਦੇ ਅੰਗਰੇਜ਼ੀ ਨਾਟਕ ‘ਡਾਂਸ ਲਾਈਕ ਏ ਮੈਨ’ ਦੇ ਦੌਰਾਨ ਵੇਖਿਆ ਗਿਆ। ਟੈਗੋਰ ਥੀਏਟਰ ਦਰਸ਼ਕਾਂ ਨਾਲ ਪੂਰੀ ਤਰ੍ਹਾਂ ਭਰਿਆ ਹੋਇਆ ਸੀ। ਬਹੁਤ ਸਾਰੇ ਦਰਸ਼ਕ ਸੀਟ ਨਾ ਮਿਲਣ ਕਰ ਕੇ ਖਲੋਤੇ ਵੀ ਹੋਏ ਸਨ। ਨਾਟਕ ਦੀ ਪੇਸ਼ਕਾਰੀ ਦਿੱਲੀ, ਬੰਬਈ ਦੇ ਪੇਸ਼ਾਵਰ ਥੀਏਟਰ ਦੇ ਪੱਧਰ ਦੀ ਸੀ। ਉਸ ਵਿਚ ਹਲਕਾ ਮਜ਼ਾਕ ਵੀ ਸੀ ਜੀਹਦਾ ਦਰਸ਼ਕ ਸੁਆਦ ਲੈ ਰਹੇ ਸਨ। ਨਾਟਕ ਮਰਦ ਅਤੇ ਔਰਤ ਦੇ ਰਿਸ਼ਤੇ ਦਾ ਇਕ ਮਨੋਵਿਗਿਆਨਕ ਅਧਿਐਨ ਸੀ। ਸਾਧਾਰਨ ਸਾਹਿਤਕ ਕੀਮਤ ਦਾ ਨਾਟਕ ਸੀ ਪਰ ਜਿਸ ਤਰ੍ਹਾਂ ਖਪਤ ਸਭਿਆਚਾਰ ਦਾ ਇਕ ਖਾਸਾ ਬਣ ਗਿਆ ਹੈ ਕਿ ਹਰ ਚੀਜ਼ ਲਿਸ਼ਕਾ ਕੇ ਪੇਸ਼ ਕਰੋ, ਇਹ ਨਾਟਕ ਵੀ ਉਸੇ ਆਸ਼ੇ ਨੂੰ ਮੁੱਖ ਰੱਖ ਕੇ ਪੇਸ਼ ਕੀਤਾ ਗਿਆ। ਹਾਜ਼ਰ ਦਰਸ਼ਕਾਂ ਨੇ ਇਸ ਦਾ ਭਰਪੂਰ ਸੁਆਗਤ ਕੀਤਾ।

ਥੀਏਟਰ ਦੇ ਵਿਕਾਸ ਵਿਚ ਦਰਸ਼ਕਾਂ ਦੀ ਇਕ ਵਿਸ਼ੇਸ਼ ਭੂਮਿਕਾ ਹੈ। ਹਰ ਇਕ ਸਿਰਜਣਹਾਰ ਨੂੰ ਇਸ ਸਵਾਲ ਵੱਲ ਸੰਬੋਧਨ ਹੋਣਾ ਪਵੇਗਾ ਕਿ ਉਹ ਦੀ ਕਲਾਕ੍ਰਿਤ ਕਿਹੜੇ ਲੋਕਾਂ ਲਈ ਹੈ? ਪੰਜਾਬ ਦਾ ਪੇਂਡੂ ਥੀਏਟਰ ਤਾਂ ਹੀ ਕਾਇਮ ਰਹਿ ਸਕਿਆ ਹੈ ਕਿਉਂਕਿ ਬਹੁਤ ਸਾਰੀਆਂ ਨਾਟਕ ਮੰਡਲੀਆਂ ਨੇ ਆਪਣਾ ਰੁਖ ਪਿੰਡਾਂ ਵੱਲ ਰੱਖਿਆ ਹੈ ਤੇ ਉਨ੍ਹਾਂ ਦੇ ਸੁਹਜ-ਸੁਆਦ ਅਨੁਸਾਰ ਹੀ ਨਾਟਕ ਡੀਜ਼ਾਇਨ ਕੀਤੇ ਹਨ। ਇਹ ਸੁਹਜ-ਸੁਆਦ ਚੰਡੀਗੜ੍ਹ ਦੇ ਵੱਡੇ ਲੋਕਾਂ ਦੇ ਸੁਹਜ-ਸੁਆਦ ਨਾਲੋਂ ਵੱਖਰਾ ਹੈ। ਲੋੜ ਹੈ ਕਿ ਚੰਡੀਗੜ੍ਹ ਵੱਲ ਝਾਕ ਰੱਖਣ ਦੀ ਥਾਂ ਪੰਜਾਬ ਅਤੇ ਹਰਿਆਣਾ ਦੇ ਕਲਾਕਾਰ ਆਪਣੇ ਲੋਕਾਂ ਉਤੇ ਟੇਕ ਰੱਖਦਿਆਂ ਵਿਸ਼ਵਾਸ ਨਾਲ ਕੰਮ ਕਰਨ। ਇਹਦੇ ਲਈ ਆਪਣੇ ਆਪਣੇ ਇਲਾਕਿਆਂ ਵਿਚ ਵੱਡੇ ਕਲਾ ਕੇਂਦਰ ਉਸਾਰਨ ਦੇ ਯਤਨ ਕਰਨ।

**ਚੰਗੀਆਂ ਕਹਾਣੀਆਂ ’ਤੇ ਆਧਾਰਿਤ ਨਾਟਕ :-** ਟੀ. ਵੀ. ਦੇ ਆਗਮਨ ਨਾਲ ਅਤੇ ਸਟੇਜ ਤਕਨੀਕ ਦੇ ਵਿਕਾਸ ਦੇ ਕਾਰਨ ਹੁਣ ਸਾਹਿਤ ਦੀਆਂ ਚੰਗੀਆਂ ਕਹਾਣੀਆਂ ਅਤੇ ਨਾਵਲਾਂ ’ਤੇ ਆਧਾਰਿਤ ਨਾਟਕ ਬੜੇ ਆਮ ਕੀਤੇ ਜਾਂਦੇ ਹਨ। ਇਹ ਰੂਪਾਂਤਰ ਤਿਆਰ ਕਰਨ ਵੇਲੇ ਇਹ ਜ਼ਰੂਰ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਕਹਾਣੀ ਅਤੇ ਨਾਟਕ ਸਿਨਫਾਂ ਵਿਚ ਜੋ ਫਰਕ ਹੈ, ਉਹ ਨਜ਼ਰਅੰਦਾਜ਼ ਨਾ ਕੀਤਾ ਜਾਏ ਅਤੇ ਇਸ ਤੋਂ ਅੱਗੇ ਇਹ ਵੀ ਵੇਖਿਆ ਜਾਏ ਕਿ ਰੂਪਾਂਤਰ ਮੌਲਿਕ ਰਚਨਾ ਨਾਲ ਪੂਰੀ ਤਰ੍ਹਾਂ ਇਨਸਾਫ ਕਰੇ। ਬੜੇ ਸਾਲ ਪਹਿਲਾਂ ਗੁਰਦਿਆਲ ਸਿੰਘ ਦਾ ‘ਮੜ੍ਹੀ ਦਾ ਦੀਵਾ’ ਨਾਵਲ ’ਤੇ ਆਧਾਰਿਤ ਅੰਮ੍ਰਿਤਸਰ ਵਿਚ ਸਾਡੇ ਵਲੋਂ ਨਾਟਕ ਖੇਡਿਆ ਗਿਆ। ਉਹਦੀ ਸਕਰਿਪਟ ਮੈਂ ਤਿਆਰ ਕੀਤੀ ਸੀ। ਉਸ ਨਾਟਕ ਵਿਚ ਬੁੱਧ ਸਿੰਘ (ਫਿਲਮ ਐਕਟਰ ਅੰਮ੍ਰਿਤਪਾਲ), ਜਤਿੰਦਰ, ਕੈਲਾਸ਼ ਕੌਰ, ਸੁਰੇਸ਼ ਪੰਡਤ, ਦਿਲਜੀਤ, ਜਤਿੰਦਰ ਸਿੰਘ, ਨਰਿੰਦਰ ਪਾਲ · ਵਾਲੀਆ, ਸਤਿੰਦਰ ਵਰਗੇ ਸਾਰੇ ਨਾਮਵਰ ਐਕਟਰਾਂ ਨੇ ਹਿੱਸਾ ਲਿਆ ਸੀ। ਨਾਟਕ ਦਰਸ਼ਕਾਂ ਲਈ ਸਫਲ ਸੀ ਪਰ ਮੈਂ ਇਹ ਮਹਿਸੂਸ ਕੀਤਾ ਕਿ ਨਾਟਕੀ ਸਕਰਿਪਟ ਨਾਵਲ ਨਾਲ ਪੂਰਾ ਇਨਸਾਫ ਨਹੀਂ ਕਰ ਸਕਦੀ। ਇਹੋ ਹੀ ਅਹਿਸਾਸ ਮੈਨੂੰ ਪਲਸ ਮੰਚ ਦੇ 25-26 ਜਨਵਰੀ ਦੇ ਸਮਾਗਮ ਵਿਚ ਹੋਇਆ। ਬਲਦੇਵ ਸਿੰਘ ਦੀ ਆਪਣੀ ਹੀ ਪ੍ਰਸਿੱਧ ਕਹਾਣੀ ‘ਰਿਸ਼ਤਿਆਂ ਦੇ ਕਸੀਰ’ ਉਤੇ ਆਧਾਰਿਤ ਆਪਣੀ ਹੀ ਲਿਖੀ ਨਾਟਕੀ ਸਕਰਿਪਟ ‘ਮਿੱਟੀ ਰੁਦਨ ਕਰੇ’ ਕਹਾਣੀ ਨਾਲ ਇਨ੍ਹਸਾਫ ਨਾ ਕਰ ਸਕੀ। ਕਹਾਣੀ ਦਾ ਵਿਸ਼ਾ ਹੈ ਕਿ ਨਸ਼ਿਆਂ ਨਾਲ ਗਰਕ ਹੋਇਆ ਮਰਦ ਆਪਣੇ ਹੀ ਬੱਚਿਆਂ ਦੀ ਮਾਂ ਲਈ ਰਵਾਇਤੀ ਸਿਰ ਦੀ ਛੱਤ ਮੁਹੱਈਆ ਨਹੀਂ ਕਰ ਸਕਦਾ, ਉਹ ਤਾਂ ਸਗੋਂ ਘਰ ਨੂੰ ਬਰਬਾਦ ਕਰ ਰਿਹਾ ਹੈ। ਉਹਨੂੰ ਮਰਿਆ ਜਾਣ ਕੇ ਸੱਸ ਤੇ ਗਵਾਂਢਣ ਦੇ ਕਹਿਣ ’ਤੇ ਵੀ ਉਹ ਆਪਣੀਆਂ ਚੂੜੀਆਂ ਨਹੀਂ ਭੰਨਦੀ ਪਰ ਇਕ ਪਹਿਰ ਬੇਸੁੱਧ ਰਹਿਣ ਬਾਅਦ ਜਦੋਂ ਪਤੀ ਫਿਰ ਜੀ ਜਾਂਦਾ ਹੈ ਤਾਂ ਪਤਨੀ ਚੂੜੀਆਂ ਭੰਨ ਦੇਂਦੀ ਹੈ।

ਡਾ. ਸਾਹਿਬ ਸਿੰਘ ਦੀ ਨਿਰਦੇਸ਼ਨਾ ਥੱਲੇ ਇਸ ਨਾਟਕ ਦੀ ਪੇਸ਼ਕਾਰੀ ਆਪਣੇ ਆਪ ਵਿਚ ਇਕ ਸਫਲ ਪੇਸ਼ਕਾਰੀ ਸੀ ਜਿਸ ਵਿਚ ਬਲਬੀਰ, ਸੁਰਜੀਤ, ਸਾਹਿਬ ਸਿੰਘ, ਸੰਦੀਪ, ਪ੍ਰਵੀਨ, ਮਨਜਿੰਦਰ ਮਨੀ, ਮਨਦੀਪ ਸੇਠੀ, ਇੰਦਰਪ੍ਰੀਤ ਨੇ ਆਪਣੀਆਂ ਭੂਮਿਕਾਵਾਂ ਬੜੀ ਸ਼ਿੱਦਤ ਨਾਲ ਨਿਭਾਈਆਂ ਪਰ ਮੌਲਿਕ ਕਹਾਣੀ ਵਿਚ ਜੋ ਤੀਖਣਤਾ ਸੀ, ਉਹ ਨਾਟਕ ਸਕ੍ਰਿਪਟ ਵਿਚੋਂ ਪੂਰੀ ਤਰ੍ਹਾਂ ਨਹੀਂ ਨਿਕਲ ਸਕੀ।

**ਕਹਾਣੀ- ‘ਆਂਟੀ ਨੇ ਠੀਕ ਕਿਹਾ ਸੀ’ :** 1995 ਦੌਰਾਨ ਲਿਖੀਆਂ ਕਹਾਣੀਆਂ ਵਿਚ ਜਗਰੂਪ ਸਿੰਘ ਦਾਤੇਵਾਸ ਦੀ ਕਹਾਣੀ ‘ਆਂਟੀ ਨੇ ਠੀਕ ਕਿਹਾ ਸੀ’ (ਲਕੀਰ 53, ਅਪਰੈਲ-ਜੂਨ 95 ਅੰਕ) ਇਕ ਗੌਰਵਮਈ ਥਾਂ ਰਖਦੀ ਹੈ। ਮਰਦ ਤੇ ਇਸਤਰੀ ਦੇ ਆਪਣੇ ਰਿਸ਼ਤੇ ਵਿਚ ਸੈਕਸ ਦੇ ਹਾਵੀ ਅੰਸ਼ ਨੂੰ ਸੰਵੇਦਨਾ ਨਾਲ ਪੇਸ਼ ਕਰਦੀ ਇਹ ਇਕ ਜ਼ੋਰਦਾਰ ਕਹਾਣੀ ਹੈ।

4-2-1996